ਮਿੱਠੇ ਬੱਚੇ:- " ਮਿੱਠੇ ਬੱਚੇ :- ਤੁਸੀਂ ਸਭ ਨੂੰ ਜੀਵਨ ਮੁਕਤੀ ਦਾ ਮੰਤਰ ਦੇਣ ਵਾਲੇ ਸਤਿਗੁਰੂ ਦੇ ਬੱਚੇ ਗੁਰੂ ਹੋ , ਤੁਸੀਂ ਈਸ਼ਵਰ ਦੇ ਬਾਰੇ ਵਿਚ ਕਦੇ ਵੀ ਝੂਠ ਨਹੀਂ ਬੋਲ ਸਕਦੇ। "

ਪ੍ਰਸ਼ਨ:- ਪ੍ਰਸ਼ਨ :- ਸੈਕੰਡ ਵਿਚ ਜੀਵਨ ਮੁਕਤੀ ਪ੍ਰਾਪਤ ਕਰਨ ਦੀ ਵਿਧੀ ਅਤੇ ਉਸਦਾ ਗਾਇਨ ਕੀ ਹੈ?

ਉੱਤਰ:- ਸੈਕੰਡ ਵਿਚ ਜੀਵਨ ਮੁਕਤੀ ਪਾਉਣ ਲਈ ਪ੍ਰਵਿਰਤੀ ਵਿਚ ਰਹਿੰਦੇ ਕਮਲ ਫੁੱਲ ਸਮਾਂਨ ਪਵਿੱਤਰ ਬਣੋ। ਸਿਰਫ ਇਸ ਅੰਤਿਮ ਜਨਮ ਵਿਚ ਪਵਿੱਤਰਤਾ ਦੀ ਪ੍ਰਤਿਗਿਆ ਕਰੋ ਤਾਂ ਜੀਵਨ ਮੁਕਤੀ ਮਿਲ ਜਾਵੇਗੀ। ਇਸ ਤੇ ਹੀ ਰਾਜਾ ਜਨਕ ਦਾ ਮਿਸਾਲ ਗਾਇਆ ਹੋਇਆ ਹੈ ਕਿ ਗ੍ਰਹਿਸਤ ਵਿਚ ਰਹਿੰਦੇ ਹੋਏ ਇਕ ਸੈਕੰਡ ਵਿਚ ਪ੍ਰਤਿਗਿਆ ਦੇ ਆਧਾਰ ਤੇ ਜੀਵਨ ਮੁਕਤੀ ਪਾਈ।

ਗੀਤ:- ਯਹ ਵਕਤ ਜਾ ਰਿਹਾ ਹੈ...

ਓਮ ਸ਼ਾਂਤੀ, ਬਾਪ ਆਉਂਦੇ ਹਨ ਸਭ ਨੂੰ ਸੈਕੰਡ ਵਿਚ ਜੀਵਨ ਮੁਕਤੀ ਦੇਣ। ਗਾਇਨ ਵੀ ਇਹ ਹੈ ਸਭ ਦਾ ਸਦਗਤੀ ਦਾਤਾ, ਜੀਵਨ ਮੁਕਤੀ ਦਾਤਾ ਇਕ ਹੈ। ਇਕ ਸੈਕੰਡ ਵਿਚ ਜੀਵਨ ਮੁਕਤੀ ਕਿਉ ਕਹਿੰਦੇ ਹਨ? ਜਿਵੇਂ ਰਾਜਾ ਜਨਕ ਦਾ ਮਿਸਾਲ ਹੈ। ਓਹਨਾ ਦਾ ਨਾਮ ਜਨਕ ਸੀ ਭਵਿੱਖ ਵਿਚ ਉਹ ਹੀ ਅਨੁਜਨਕ ਬਣਦਾ ਹੈ। ਜਨਕ ਦੇ ਲਈ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਕ ਸੈਕੰਡ ਵਿਚ ਜੀਵਨ ਮੁਕਤੀ ਮਿਲੀ, ਪਰ ਜੀਵਨਮੁਕਤੀ ਤਾਂ ਸਤਿਯੁਗ - ਤ੍ਰੇਤਾ ਵਿਚ ਕਹਾਂਗੇ। ਗੁਰੂ ਲੋਕ ਕੰਨ ਵਿਚ ਮੰਤਰ ਦਿੰਦੇ ਹਨ, ਉਸ ਨੂੰ ਵੰਸ਼ੀਕਰਨ ਮੰਤ੍ਰ ਵੀ ਕਹਿੰਦੇ ਹਨ। ਉਹ ਤਾਂ ਸਭ ਮੰਤ੍ਰ ਦਿੰਦੇ ਹਨ ਪਰ ਤੁਹਾਨੂੰ ਮਿਲਦਾ ਹੈ ਮਹਾ ਮੰਤਰ, ਜੀਵਨ ਮੁਕਤੀ ਦਾ ਮੰਤਰ। ਇਹ ਮੰਤ੍ਰ ਕੌਣ ਦਿੰਦੇ ਹਨ? ਬ੍ਰਹਮਾਕੁਮਾਰ - ਕੁਮਾਰੀਆਂ। ਉਨ੍ਹਾਂ ਨੂੰ ਇਹ ਮੰਤ੍ਰ ਕਿੱਥੋਂ ਮਿਲਿਆ ਹੈ? ਉਸ ਸਤਿਗੁਰੂ ਤੋਂ। ਸਰਵੋਤਮ ਤਾਂ ਇਕ ਬਾਪ ਹੀ ਹੈ। ਫਿਰ ਤੁਸੀਂ ਬਣਦੇ ਸਰਵੋਤਮ ਬਣਦੇ ਹੋ। ਉਨ੍ਹਾਂ ਵਿੱਚ ਸਰਵੋਤਮ ਗੁਰੂ ਹੁੰਦੇ ਹਨ। ਤੁਸੀਂ ਵੀ ਸਤਿਗੁਰੂ ਦੇ ਬੱਚੇ ਗੁਰੂ ਹੋ। ਗੀਤਾ ਸੁਣਾਉਣ ਵਾਲਿਆਂ ਨੂੰ ਵੀ ਗੁਰੂ ਕਿਹਾ ਜਾਂਦਾ ਹੈ। ਨੰਬਰਵਾਰ ਤੇ ਹੁੰਦੇ ਹੀ ਹਨ। ਤੁਸੀਂ ਵੀ ਸਤ ਬੋਲਣ ਵਾਲੇ ਗੁਰੂ ਹੋ। ਤੁਸੀਂ ਕਦੇ ਈਸ਼ਵਰ ਦੇ ਬਾਰੇ ਝੂਠ ਨਹੀਂ ਬੋਲਦੇ ਹੋ। ਪਹਿਲੇ - ਪਹਿਲੇ ਤਾਂ ਤੁਸੀਂ ਪਵਿਤ੍ਰਤਾ ਦੇ ਉਪਰ ਹਿਸਮਝੌਂਦੇ ਹੋ ਕਿ ਬਾਪ ਤੋਂ ਪ੍ਰਤਿਗਿਆ ਕਰੋ ਅਸੀ ਕਦੇ ਵੀ ਵਿਕਾਰ ਵਿੱਚ ਨਹੀਂ ਜਾਵਾਂਗੇ। ਝੂਠ ਆਦਿ ਨਾ ਬੋਲਣਾ ਇਹ ਤਾਂ ਕਾਮਨ ਗੱਲ ਹੈ। ਝੂਠੇ ਤੇ ਬਹੁਤਿਆਂ ਤੋਂ ਨਿਕਲਦੀ ਰਹਿੰਦੀ ਹੈ। ਆਰ ਇੱਥੇ ਉਹ ਗੱਲ ਨਹੀਂ ਹੀ। ਇਥੇ ਹੈ ਪਵਿੱਤਰਤਾ ਦੀ ਗੱਲ। ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਇਸ ਅੰਤਿਮ ਜਨਮ ਵਿਚ ਅਸੀਂ ਬਾਪ ਨਾਲ ਪ੍ਰਤਿਗਿਆ ਕਰਦੇ ਹਾਂ ਕਿ ਅਸੀਂ ਕਮਲ ਫੁੱਲ ਵਾਂਗੂ ਪਵਿੱਤਰ ਰਹਾਂਗੇ। ਤਾਂ ਇੱਥੇ ਪਵਿਤ੍ਰ ਰਹਿਣ ਦੀ ਗੱਲ ਹੈ। ਕਹਿਣਗੇ ਇਹ ਤਾਂ ਬਹੁਤ ਉੱਚ ਮੰਜਿਲ ਹੈ, ਇਹ ਤਾਂ ਹੋ ਨਹੀਂ ਸਕਦਾ। ਤੁਸੀਂ ਕਹੋਗੇ ਵਾਹ, ਕਿਓਂ ਨਹੀਂ ਹੋ ਸਕਦਾ। ਇਹ ਤਾਂ ਗਾਇਆ ਹੋਇਆ ਹੈ ਕਮਲ ਫੁੱਲ ਸਮਾਨ… ਇਹ ਦ੍ਰਿਸਟਾਂਤ ਸ਼ਸਤਰਾਂ ਵਿਚ ਲਿਖਿਆ ਹੋਇਆ ਹੈ। ਜਰੂਰ ਬਾਪ ਨੇ ਇਹ ਸਿੱਖਿਆ ਦਿਤੀ ਹੈ, ਹੈ ਵੀ ਭਗਵਾਨੁਵਾਚ ਜਾਂ ਬ੍ਰਾਹਮਣ ਵਾਚ। ਭਗਵਾਨ ਸਭ ਨੂੰ ਨਹੀਂ ਸੁਣਾਉਂਦੇ ਹਨ। ਬਰਹਮਨ ਬੱਚੇ ਹੀ ਸੁਣਦੇ ਹਨ। ਇਹ ਗੱਲ ਤੁਹਾਨੂੰ ਸਭ ਨੂੰ ਸਮਝਾਉਣੀ ਹੈ। ਮੂਲ ਗੱਲ ਹੈ ਪਵਿੱਤਰਤਾ ਦੀ। ਕਮਲ ਫੁੱਲ ਸਮਾਨ ਪਵਿਤ੍ਰ ਬਣਨਾ ਹੈ, ਜਨਕ ਮਿਸਲ। ਉਹ ਹੀ ਜਨਕ ਫਿਰ ਅਨੁਜਨਕ ਬਣਿਆ। ਜਿਵੇਂ ਰਾਧੇ ਅਨੁਰਾਧੇ ਬਣਦੀ ਹੈ। ਕਿਸੇ ਦਾ ਨਾਮ ਨਰਾਇਣ ਹੈ ਤਾਂ ਭਵਿੱਖ ਵਿਚ ਅਨੁਨਰਾਇਣ ਬਣਦਾ ਹੈ। ਇਹ ਐਕੂਰੇਟ ਗੱਲ ਹੈ। ਤਾਂ ਜੋ ਵੀ ਆਉਂਦੇ ਹਨ ਉਨ੍ਹਾਂ ਨੂੰ ਸਮਝਾਉਣਾ ਪਵੇ। ਸੁਣਿਆ ਤਾਂ ਹੈ ਸੈਕੰਡ ਵਿਚ ਜੀਵਨਮੁਕਤੀ। ਗ੍ਰਹਿਸਤੀ ਵਿਵਹਾਰ ਵਿਚ ਰਹਿੰਦੇ ਉੱਚ ਪਦ ਪਾਇਆ ਜਾ ਸਕਦਾ ਹੈ। ਅਸੀ ਅਨੁਭਵ ਨਾਲ ਕਹਿੰਦੇ ਹਾਂ, ਗਪੌੜਾਂ ਨਹੀਂ ਮਾਰਦੇ ਹਾਂ। ਭਗਵਾਨੁਵਾਚ - ਮੁੱਖ ਗੱਲ ਸਮਝਾਉਣੀ ਹੈ - ਭਗਵਾਨ ਸਭ ਦਾ ਬਾਪ ਹੈ। ਜਰੂਰ ਜੀਵਨ ਮੁਕਤੀ ਦਾਤਾ ਵੀ ਉਹ ਹੀ ਹੈ। ਇਹ ਹੈ ਪ੍ਰਵ੍ਰਤੀ ਮਾਰਗ। ਸੰਨਿਆਸੀਆਂ ਦਾ ਤੇ ਹੈ ਹੀ ਨਿਵਰਤੀ ਮਾਰਗ। ਉਹ ਕਦੇ ਰਾਜਯੋਗ ਸਿਖਾ ਨਹੀਂ ਸਕਦੇ। ਉਹ ਤਾਂ ਘਰ ਬਾਰ ਛੱਡ ਭੱਜਣ ਵਾਲੇ ਹਨ। ਉਹਬਿਹ ਗਿਆਨ ਦੇ ਨਹੀਂ ਸਕਦੇ, ਇਹ ਹੈ ਰਾਜਯੋਗ। ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਕਮਲ ਫੁੱਲ ਸਮਾਨ ਪਵਿਤ੍ਰ ਰਹਿਣਾ ਹੈ। ਸਤਿਯੁਗ ਵਿਚ ਭਾਰਤ ਪਵਿੱਤਰ ਪ੍ਰਵ੍ਰਤੀ ਮਾਰਗ ਸੀ। ਵਾਈਸਲੈੱਸ ਦੁਨੀਆ ਸੀ। ਰਾਜਾਈ ਵਿਚ ਨਰ ਨਾਰੀ ਦੋਵੇ ਚਾਹੀਦੇ। ਤਾਂ ਸਮਝਾਣਾ ਪਵੇ - ਕਿ ਅਸੀਂ ਅਨੁਭਵੀ ਹਾਂ, ਗ੍ਰਹਿਸਤ ਵਿਚ ਰਹਿ ਕਮਲ ਫੁੱਲ ਵਾਂਗੂ ਪਵਿੱਤਰ ਰਹਿ ਸਕਦੇ ਹਾਂ। ਅਸੀਂ ਜਾਣਦੇ ਹਾਂ ਕਿ ਪਵਿੱਤਰ ਬਨ ਬਾਪ ਦਵਾਰਾ ਪਵਿੱਤਰ ਦੁਨੀਆ ਦੇ ਮਾਲਿਕ ਬਣਦੇ ਹਾਂ। ਪਵਿਤ੍ਰ ਪ੍ਰਵ੍ਰਤੀ ਮਾਰਗ ਸੀ, ਹਨ ਤੇ ਅਪਵਿਤ੍ਰ ਪ੍ਰਵ੍ਰਤੀ ਮਾਰਗ ਹੈ। ਇਹ ਦੁਨੀਆ ਹੀ ਭ੍ਰਿਸ਼ਟਾਚਾਰੀ ਹੈ। ਉਹ ਸ੍ਰੇਸ਼ਟਾਚਾਰੀ ਦੁਨੀਆ ਸੀ। ਰਾਵਣ ਭ੍ਰਿਸ਼ਤਾਚਾਰੀ ਬਣਾਉਂਦੇ ਹਨ, ਰਾਮ ਸ੍ਰੇਸ਼ਠਾਚਾਰੀ ਬਣਾਉਂਦੇ ਹਨ। ਅਧਾਕਲਪ ਰਾਵਣ ਰਾਜ ਚਲਦਾ ਹੈ। ਭ੍ਰਿਸ਼ਟਾਚਾਰੀ ਦੁਨੀਆ ਵਿਚ ਭਗਤੀ ਮਾਰਗ ਹੈ। ਦਾਨ- ਪੁੰਨ ਆਦਿ ਕਰਦੇ ਰਹਿੰਦੇ ਹਨ ਕਿਉਂਕਿ ਭ੍ਰਿਸ਼ਟਾਚਾਰ ਹੈ। ਸਮਝਦੇ ਹਨ ਮਨੁੱਖ ਜਿਨ੍ਹਾਂ ਭਗਤੀ ਦਾਨ - ਪੁੰਨ ਕਰਨਗੇ ਤਾਂ ਫਿਰ ਭਗਵਾਨ ਮਿਲੇਗਾ। ਭਗਵਾਨ ਦੀ ਭਗਤੀ ਕਰਦੇ ਹਨ। ਕਹਿੰਦੇ ਹਨ ਕਿ ਆਕੇ ਸਾਨੂੰ ਸ੍ਰੇਸ਼ਠ ਬਣਾਓ। ਭਾਰਤ ਸਰੇਸ਼ਠਾਚਾਰੀ ਸੀ। ਹੁਣ ਨਹੀਂ ਹੈ।

ਭ੍ਰਿਸ਼ਟਾਚਾਰੀ ਹੀ ਸ੍ਰੇਸ਼ਟਾਚਾਰੀ ਬਣਦੇ ਹਨ। ਭਾਰਤ ਦੀ ਨਵੀਂ ਰਚਨਾ ਦੀ ਕਹਾਣੀ ਕੋਈ ਜਾਣਦੇ ਹੀ ਨਹੀਂ। ਚਿੱਤਰਾਂ ਦੇ ਦਵਾਰਾ ਚੰਗੀ ਤਰਾਂ ਸਮਝਾਇਆ ਜਾ ਸਕਦਾ ਹੈ। ਅਜਿਹੇ ਚਿੱਤਰ ਬਣਾਉਣੇ ਪੈਣਗੇ।ਹਰੇਕ ਸੈਂਟਰ ਤੇ ਪ੍ਰਦਰਸ਼ਨੀ ਦੇ ਚਿੱਤਰ ਹੋਣੇ ਚਾਹੀਦੇ ਹਨ।

ਬਾਬਾ ਡਾਇਰੈਕਸ਼ਨ ਦਿੰਦੇ ਹਨ ਭਾਵੇਂ ਲਿਖ ਕੇ ਦੇਣ ਕਿ ਚਿੱਤਰ ਸਾਡੇ ਕੋਲ ਨਹੀਂ ਹਨ, ਤਾਂ ਬਾਬਾ ਡਾਇਰੈਕਸ਼ਨ ਦੇਣਗੇ ਇਹ ਬਣਾਓ ਫਿਰ ਸਭ ਨੂੰ ਭੇਜੀ ਤਾਂ ਸਭ ਦੇ ਕੋਲ ਪ੍ਰਦਰਸ਼ਨੀ ਹੋ ਜਾਵੇਗੀ। ਇਹ ਸਾਈਟ ਬਹੁਤ ਅਰਥ ਸਹਿਤ ਹਨ। ਪਹਿਲੇ - ਪਹਿਲੇ ਇਹ ਬੁੱਧੀ ਵਿੱਚ ਆਉਣਾ ਚਾਹੀਦਾ ਹੈ ਕਿ ਅਸੀਂ ਬਾਪ ਦੇ ਬੱਚੇ ਹਾਂ। ਭਗਵਾਨ ਹੈ ਸਵਰਗ ਨੂੰ ਰਚਣ ਵਾਲਾ, ਨਰਕ ਨੂੰ ਰਚਨ ਵਾਲਾ ਹੈ ਰਾਵਣ। ਗੋਲੇ ਦੇ ਚਿੱਤਰ ਤੇ 10 ਸਿਰ ਵਾਲਾ ਰਾਵਣ ਦਾ ਚਿੱਤਰ ਬਣਾ ਦੇਵੋ। ਸਵਰਗ ਦੇ ਗੋਲੇ ਤੇ ਚਤੱਰਭੁਜ। ਲਿਖ ਵੀ ਸਕਦੇ ਹੋ -, ਇਹ ਰਾਮਰਾਜ, ਇਹ ਰਾਵਣ ਰਾਜ। ਇਸ ਸਮੇਂ ਰਾਵਣ ਸਰਵਵਿਆਪੀ ਹੈ। ਉੱਥੇ ਅਸੀਂ ਰਾਮ ਸਰਵਵਿਆਪੀ ਤੇ ਕਹਿ ਨਹੀਂ ਸਕਾਂਗੇ। ਗਾਇਆ ਵੀ ਜਾਂਦਾ ਹੈ ਆਤਮਾ ਪਰਮਾਤਮਾ ਅਲਗ ਰਹੇ ਬਹੁਕਾਲ ਫਿਰ ਸੁੰਦਰ ਮੇਲਾ ਕਰ ਦਿੱਤਾ ਜਦੋ ਸਤਿਗੁਰੂ ਮਿਲਿਆ ਦਲਾਲ। ਤਾਂ ਜਰੂਰ ਉਹ ਆਵੇਗਾ ਨਾ। ਇਹ ਹਿਸਾਬ ਕੋਈ ਵੀ ਜਾਣਦੇ ਨਹੀਂ ਹਨ। ਪਹਿਲੋਂ- 2 ਵੱਖ ਹੋਏ ਹਨ ਦੇਵੀ ਦੇਵਤਿਆਂ ਦੀਆ ਆਤਮਾਵਾਂ। ਇਹ ਨਾਲੇਜ਼ ਹੈ ਕਿਸੇ ਨੂੰ ਵੀ ਸਮਝਾਉਣਾ ਹੈ। ਆਤਮਾਵਾਂ ਦਾ ਬਾਪ ਤੇ ਹੈ ਨਾ। ਹੁਣ ਹੇ ਆਤਮਾ, ਆਪਣੇ ਪਰਮਾਤਮਾ ਦਾ ਆਕੂਪੇਸ਼ਣ ਦੱਸੋ? ਕੀ ਨਹੀਂ ਜਾਣਦੇ ਹੋ ? ਅਜਿਹਾ ਬੱਚਾ ਤੇ ਹੁੰਦਾ ਨਹੀਂ ਜੋ ਬਾਪ ਦੇ ਆਕੁਪਸ਼ਨ ਨੂੰ ਨਹੀਂ ਜਾਂਦਾ ਹੋਵੇ। ਬਾਪ ਬੈਠ ਸਮਝਾਉਂਦੇ ਹਨ ਤੁਸੀਂ ਆਪਣੇ ਜਨਮਾ ਨੂੰ ਨਹੀਂ ਜਾਣਦੇ, ਮੈਂ ਸਮਝਾਉਂਦਾ ਹਾਂ। ਪਹਿਲਾ -ਪਹਿਲਾ ਜਿਹੜੇ ਦੇਵੀ ਦੇਵਤਾ ਹਨ ਉਹ ਇਤਨੇ ਜਨਮ ਲੈਂਦੇ ਹਨ। ਤਾਂ ਹਿਸਾਬ ਕਰੋ ਦੂਸਰੇ ਧਰਮ ਵਾਲੇ ਕਿੰਨੇ ਜਨਮ ਲੈਂਦੇ ਹੋਣਗੇ। ਸਿੱਧ ਕਰਕੇ ਦਸਣਾ - ਮੈਕਸੀਮਮ ਇੰਨੇ ਹਨ। ਝਾੜ ਵਾਧੇ ਨੂੰ ਪਾਉਂਦਾ ਰਹਿੰਦਾ ਹੈ। ਪਹਿਲੇ - ਪਹਿਲੇ ਦੇਵੀ - ਦੇਵਤੇ ਸਨ। ਉਨ੍ਹਾਂ ਦੇ ਹੀ 84 ਜਨਮ ਕਹੇ ਜਾਂਦੇ ਹਨ। ਭਾਰਤ ਦੀ ਨਾਲੇਜ਼ ਹੈ ਨਾ। ਪ੍ਰਾਚੀਨ ਭਾਰਤ ਦੀ ਨੋਲਜ ਕਿਸ ਨੇ ਦਿੱਤੀ? ਇਹ ਭਗਵਾਨ ਨੇ ਹੀ ਦਿੱਤੀ ਹੈ। ਨਾਲੇਜ਼ ਫੁੱਲ ਗੌਡ ਫਾਦਰ ਹਨ ਨਾ। ਬ੍ਰਹਮਾ ਨੂੰ ਵੀ ਨਾਲੇਜ਼ਫੁੱਲ ਨਹੀਂ ਕਹਾਂਗੇ, ਸ਼੍ਰੀਕ੍ਰਿਸ਼ਨ ਨੂੰ ਵੀ ਨਹੀਂ ਕਹਾਂਗੇ। ਸ਼੍ਰੀਕ੍ਰਿਸ਼ਨ ਦੀ ਮਹਿਮਾ ਹੀ ਵੱਖ ਹੈ। ਇਹ ਸਮਝਣ ਦੀ ਬੜੀ ਹੀ ਕਲੀਅਰ ਨਾਲੇਜ਼ ਹੈ। ਭਗਵਾਨ ਤਾਂ ਸਭ ਦਾ ਇਕ ਹੀ ਨਿਰਾਕਾਰ ਪਰਮਪਿਤਾ ਪਰਮਾਤਮਾ ਹੈ। ਉਹ ਹੀ ਰਚੇਤਾ ਹੈ। ਸ਼੍ਰੀਕ੍ਰਿਸ਼ਨ ਤੇ ਹੈ ਰਚਨਾ। ਉੱਚ ਤੇ ਉੱਚ ਭਗਵਾਨ ਤੇ ਇੱਕ ਹੈ ਨਾ। ਸਰਵ ਵਿਆਪੀ ਉਨ੍ਹਾਂ ਨੂੰ ਕਹਿ ਨਹੀਂ ਸਕਦੇ। ਭਾਰਤ ਵਿਚ ਉੱਚ ਤੇ ਉੱਚ ਪ੍ਰੈਜ਼ੀਡੈਂਟ ਫਿਰ ਨੰਬਰਵਾਰ ਹੋਰ ਹਨ। ਸਭ ਦਾ ਆਕੂਪੈਸ਼ਣ ਦੱਸਣਗੇ। ਇਵੇਂ ਤਾਂ ਨਹੀਂ ਸਭ ਇੱਕ ਹੀ ਹਨ। ਹਰ ਆਤਮਾ ਨੂੰ ਅਵਿਨਾਸ਼ੀ ਪਾਰਟ ਮਿਲਿਆ ਹੋਇਆ ਹੈ, ਇਹ ਸਿੱਧ ਕਰਨਾ ਹੈ। ਆਪਸ ਵਿਚ ਸਲਾਹ ਕਰਕੇ ਸਰਵਿਸ ਦਾ ਪਲੈਨ ਬਣਾਉਣਾ ਹੈ, ਪਰ ਜਿਸ ਦੀ ਲਾਇਨ ਕਲੀਅਰ ਨਹੀਂ ਹੋਵੇਗੀ, ਕੋਈ ਵਿਕਾਰ ਹੋਣਗੇ ਜਾਂ ਨਾਮ ਰੂਪ ਵਿਚ ਫਸਿਆ ਹੋਵੇਗਾ ਤਾਂ ਇਹ ਕੰਮ ਨਹੀਂ ਹੋ ਸਕੇਗਾ ਇਸ ਵਿੱਚ ਲਾਈਨ ਬੜੀ ਕਲੀਅਰ ਚਾਹੀਦੀ ਹੈ। । ਨਤੀਜਾ ਤਾ ਅੰਤ ਵਿਚ ਨਿਕਲੇਗਾ। ਹੁਣ ਸਾਰੇ ਨੰਬਰਵਾਰ ਹਨ। ਮਨੁੱਖ ਕਹਿੰਦੇ ਹਨ ਇਹ ਵਿਆਸ ਭਗਵਾਨ ਨੇ ਸ਼ਾਸਤਰ ਬਣਾਏ, ਹੁਣ ਵਿਆਸ ਤਾਂ ਭਗਵਾਨ ਹੋ ਨਹੀਂ ਸਕਦਾ। ਅਸਲ ਵਿਚ ਧਰਮ ਸ਼ਾਸਤਰ ਹਨ 4 ਭਾਰਤ ਦਾ ਧਰਮ ਸ਼ਾਸਤਰ ਤਾਂ ਹੈ ਹੀ ਇਕ ਮਾਈ ਬਾਪ ਗੀਤਾ। ਵਰਸਾ ਉਨ੍ਹਾਂ ਤੋਂ ਹੀ ਮਿਲਦਾ ਹੈ। ਮਾਂ ਦਵਾਰਾ ਬਾਪ ਤੋਂ ਵਰਸਾ ਮਿਲਦਾ ਹੈ। ਗੀਤਾ ਮਾਤਾ ਦਾ ਬਾਪ ਹੈ ਰਚਤਾ। ਤਾਂ ਗੀਤਾ ਦਵਾਰਾ ਹੀ ਬਾਪ ਨੇ ਪ੍ਰਾਚੀਨ ਸਹਿਜ ਰਾਜਯੋਗ ਦੀ ਨੋਲਜ ਦਿੱਤੀ ਹੈ। ਗੀਤਾ ਤਾਂ ਭਾਰਤਖੰਡ ਦਾ ਸ਼ਾਸਤਰ ਹੈ। ਫਿਰ ਇਸਲਾਮੀ ਦਾ ਧਰਮ ਸ਼ਾਸਤਰ ਆਪਣਾ ਹੈ, ਬੁੱਧ ਦਾ ਆਪਣਾ ਹੈ, ਕ੍ਰਿਸ਼ਚਨ ਦਾ ਆਪਣਾ-2 ਹੈ। ਗੀਤਾ ਤਾਂ ਹੈ ਸਭ ਦਾ ਮਾਈ ਬਾਪ, ਬਾਕੀ ਸ਼ਾਸਤਰ ਹਨ ਬਾਲ ਬੱਚੇ। ਉਹ ਬਾਅਦ ਵਿਚ ਨਿਕਲੇ ਹਨ। ਬਾਕੀ ਇਤਨੇ ਵੇਦ - ਉਪਨਿਸ਼ਦ ਆਦਿ ਇਹ ਸਭ ਕਿਸ ਧਰਮ ਦੇ ਹਨ? ਇਹ ਪਤਾ ਤੇ ਹੋਣਾ ਚਾਹੀਦਾ ਹੈ ਕਿ ਕਿਸ ਨੇ ਉਚਾਰੇ? ਉਸ ਤੋਂ ਕਿਹੜਾ ਧਰਮ ਨਿਕਲਿਆ? ਕੋਈ ਧਰਮ ਤੇ ਹੈ ਨਹੀਂ। ਪਹਿਲਾ ਤਾਂ ਸਿੱਧ ਕਰਨਾ ਹੈ ਕਿ ਗੀਤਾ ਖੰਡਨ ਕੀਤੀ ਹੋਈ ਹੈ। ਬਾਪ ਦੇ ਬਦਲੇ ਬੱਚੇ ਦਾ ਨਾਮ ਦੇ ਦਿੱਤਾ ਹੈ। ਜੀਵਨ ਚਰਿਤ੍ਰ ਤਾਂ ਸਭ ਦਾ ਵੱਖ - ਵੱਖ ਹੈ। ਬਾਪ ਕਹਿੰਦੇ ਹਨ ਸਰਵ ਧਰਮਾਨੀ ਪਰਿਤਿਆਜ... ਮਾਮੇਕਮ ਯਾਦ ਕਰੋ। ਪਰਮਾਤਮਾ ਆਤਮਾਵਾਂ ਨੂੰ ਕਹਿੰਦੇ ਹਨ - ਤੁਸੀਂ ਅਸ਼ਰੀਰੀ ਬਣੋ, ਮੈਨੂੰ ਯਾਦ ਕਰੋ। ਅਸ਼ਰੀਰੀ ਬਾਪ ਹੀ ਇਹ ਕਹਿ ਸਕਦੇ ਹਨ। ਸੰਨਿਆਸੀ ਤੇ ਕਿ ਨਹੀਂ ਸਕਦੇ। ਇਹ ਗੀਤਾ ਦੇ ਅੱਖਰ ਹਨ। ਸਭ ਧਰਮ ਵਾਲਿਆਂ ਨੂੰ ਕਹਿੰਦੇ ਹਨ - ਅਸ਼ਰੀਰੀ ਭਵ। ਹੁਣ ਨਾਟਕ ਪੂਰਾ ਹੁੰਦਾ ਹੈ। ਸਭ ਨੂੰ ਮੰਤ੍ਰ ਮਿਲਦਾ ਹੈ ਕਿ ਦੇ ਸਹਿਤ ਦੇਹ ਦੇ ਸਭ ਸੰਬੰਧ ਤਿਆਗ ਮਾਮੇਕਮ ਯਾਦ ਕਰੋ ਤਾਂ ਤੁਸੀਂ ਮੇਰੇ ਕੋਲ ਆ ਜਾਵੋਗੇ। ਮੁਕਤੀ ਦੇ ਬਾਦ ਜੀਵਨਮੁਕਤੀ ਹੈ ਜ਼ਰੂਰ। ਪਦ ਜੀਵਨਮੁਕਤੀ ਦਾ ਵਾਇਆ ਮੁਕਤੀ। ਜੋ ਵੀ ਆਉਂਦੇ ਹਨ, ਸਤੋ, ਰਜੋ, ਤਮੋ ਤੋਂ ਪਾਸ ਕਰਦੇ ਹਨ। ਸਮਝਾਉਣੀ ਕਿੰਨੀ ਚੰਗੀ ਹੈ। ਪਰ ਬੱਚੇ ਇੱਕ ਕੰਨ ਤੋਂ ਸੁਣ ਦੂਜੇ ਤੋਂ ਕੱਢ ਦਿੰਦੇ ਹਨ। ਉਵੇਂ ਹੈ ਬਹੁਤ ਸਹਿਜ।

ਤੁਸੀਂ ਜਗ੍ਹਾ-2 ਤੇ ਪ੍ਰਦਰਸ਼ਨੀਆਂ ਕਰੋ, ਅਖਬਾਰਾਂ ਵਿੱਚ ਪਾਓ, ਖਰਚਾ ਕਰ ਸਕਦੇ ਹੋ। ਭਾਵੇਂ ਸਭ ਸੁੰਨ। ਅਖ਼ਬਾਰ ਵੀ ਤੇ ਜਰੂਰ ਪਾਉਣਾ ਹੈ। ਬੱਚਿਆਂ ਨੂੰ ਬਹੁਤ ਨਸ਼ਾ ਰਹਿਣਾ ਚਾਹੀਦਾ ਹੈ। ਬਾਕੀ ਟਾਈਮ ਬੜਾ ਘਟ ਬਚਿਆ ਹੈ। ਅਤਿਇੰਦਰੀਆਂ ਸੁੱਖ ਗੋਪ ਗੋਪੀਆ ਨੂੰ ਪੁੱਛੋ। ਗਾਇਆ ਹੋਇਆ ਹੈ - ਇਹ ਗੋਪੀ ਵੱਲਭ ਦੇ ਗੋਪ - ਗੋਪੀਆਂ ਹਨ। ਗੋਪ - ਗੋਪੀਆਂ ਨਸਤਿਊਗ ਵਿੱਚ, ਨਾ ਕਲਯੁੱਗ ਵਿੱਚ ਹੁੰਦੇ ਹਨ। ਉੱਥੇ ਲਕਸ਼ਮੀ ਦੇਵੀ, ਰਾਧੇ ਦੇਵੀ ਹੈ। ਗੋਪ - ਗੋਪੀਆਂ ਹੁਣ ਹਨ, ਗੋਪੀ ਵੱਲਭ ਦੇ ਬੱਚੇ ਪੋਤ੍ਰੇ - ਪੋਤਰੀਆਂ ਹਨ। ਜਰੂਰ ਦਾਦਾ ਵੀ ਹੋਵੇਗਾ। ਦਾਦਾ, ਬਾਬਾ ਅਤੇ ਮੰਮਾ - ਇਹ ਨਵੀਂ ਰਚਨਾ ਹੋਈ ਹੈ ਸੰਗਮ ਤੇ। ਬਾਪ ਕਹਿੰਦੇ ਹਨ ਮੈਂ ਕਲਪ - ਕਲਪ, ਕਲਪ ਦੇ ਸੰਗਮਯੁਗੇ ਆਉਂਦਾ ਹਾਂ ਨਵੀਂ ਦੁਨੀਆ ਬਨਾਉਣ। ਆਸੁਰੀ ਸਨ ਆਂ ਤੋਂ ਤੁਸੀਂ ਈਸ਼ਵਰੀਏ ਸੰਤਾਂਨ ਬਣੇ ਹੋ, ਫਿਰ ਬਣੋਗੇ ਦੈਵੀ ਸੰਤਾਨ। ਫਿਰ ਸ਼ਤ੍ਰੀ, ਵੇਸ਼, ਸੂਦਰ ਬਣੋਗੇ - 84 ਜਨਮਾ ਵਿਚ। ਫਿਰ ਨਾਲ ਨਾਲ ਵਾਧਾ ਵੀ ਹੁੰਦਾ ਰਹਿੰਦਾ ਹੈ। ਝਾੜ ਵੀ ਪੂਰਾ ਕੰਪਲੀਟ ਚਾਹੀਦਾ ਹੈ। ਪ੍ਰਲਜ ਵੀ ਨਹੀਂ ਹੁੰਦੀ ਹੈ। ਭਾਰਤ ਤਾਂ ਅਵਿਨਾਸ਼ੀ ਖੰਡ ਹੈ। ਭਾਰਤ ਦੀ ਬੜੀ ਮਹਿਮਾ ਕਰਨੀ ਹੈ, ਸਾਰੇ ਖੰਡਾ ਤੋਂ ਸ੍ਰੇਸ਼ਟ ਹੈ, ਵਿਨਾਸ਼ ਕਦੇ ਨਹੀਂ ਹੁੰਦਾ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁਡ ਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ

ਨਮਸਤੇ।

ਰਾਤ ਦੀ ਕਲਾਸ **16-4-68**

ਤੁਸੀਂ ਬ੍ਰਾਹਮਣ ਬੱਚਿਆਂ ਤੋਂ ਇਲਾਵਾ ਕਿਸੇ ਨੂੰ ਵੀ ਪਤਾ ਨਹੀਂ ਸੰਗਮਯੁਗ ਕਦੋ ਹੁੰਦਾ ਹੈ। ਇਸ ਕਲਪ ਦੇ ਸੰਗਮ ਯੁਗ ਦੀ ਮਹਿਮਾ ਬਹੁਤ ਹੈ। ਬਾਪ ਆਕੇ ਰਾਜਯੋਗ ਸਿਖਾਉਂਦੇ ਹਨ। ਸਤਿਯੁਗ ਦੇ ਲਈ ਤਾ ਜਰੂਰ ਸੰਗਮਯੁਗ ਹੀ ਆਏਗਾ। ਹੈ ਵੀ ਮਨੁੱਖ। ਓਹਨਾ ਵਿਚ ਕੋਈ ਨੀਚ ਕੋਈ ਉੱਤਮ ਹੈ। ਉਨ੍ਹਾਂ ਦੇ ਅੱਗੇ ਮਹਿਮਾ ਗਾਉਂਦੇ ਹਨ ਤੁਸੀਂ ਪੁਰਸ਼ੋਤਮ ਹੋ, ਅਸੀਂ ਘਨਿਸ਼ਟ ਹਾਂ। ਆਪੇ ਹੀ ਦੱਸਦੇ ਹਨ - ਮੈਂ ਅਜਿਹਾ ਹਾਂ, ਮੈਂ ਅਜਿਹਾ ਹਾਂ।

ਹੁਣ ਇਸ ਪੁਰਸ਼ੋਤਮ ਸੰਗਮ ਯੁੱਗ ਨੂੰ ਤੁਸੀਂ ਬ੍ਰਾਹਮਣ ਬੀਜ ਕੋਈ ਵੀ ਨਹੀਂ ਜਾਣਦੇ। ਇਨ੍ਹਾਂ ਦੀ ਐਡਵਰਟਾਜ਼ਮੈਂਟ ਕਿਵੇਂ ਕਰੀਏ ਜੋ ਮਨੁੱਖਾਂ ਨੂੰ ਪਤਾ ਪਵੇ। ਸੰਗਮਯੁਗ ਤੇ ਭਗਵਾਨ ਹੀ ਆਕੇ ਰਾਜਯੋਗ ਸਿਖਾਉਂਦੇ ਹਨ। ਤੁਸੀ ਜਾਣਦੇ ਹੋ ਰਾਜਯੋਗ ਸਿੱਖ ਰਹੇ ਹਾਂ। ਹੁਣ ਅਜਿਹੀ ਕੀ ਸਕੀਮ ਕਰੀਏ ਜੋ ਮਨੁੱਖਾਂ ਨੂੰ ਪਤਾ ਪਵੇ। ਪਰ ਹੋਲੀ ਹੋਵੇਗਾ। ਹਾਲੇ ਸਮੇਂ ਪਇਆ ਹੈ। ਬਹੁਤ ਗਈ ਥੋੜੀ ਰਹੀ� ।ਅਸੀ ਕਹਿੰਦੇ ਹਾਂ ਤਾਂ ਮਨੁੱਖ ਜਲਦੀ ਪੁਰਸ਼ਾਰਥ ਕਰਨ। ਨਹੀਂ ਤਾਂ ਗਿਆਨ ਸੈਕੰਡ ਵਿਚ ਮਿਲਦਾ ਹੈ, ਜਿਸ ਨਾਲ ਤੁਸੀਂ ਓਸੇ ਸਮੇਂ ਸੈਕਿੰਡ ਵਿੱਚ ਜੀਵਨ ਮੁਕਤੀ ਪਾ ਲਵੋਗੇ। ਪਰ ਅੱਧਾ ਕਲਪ ਦੇ ਪਾਪ ਤੁਹਾਡੇ ਸਿਰ ਤੇ ਹਨ ਉਹ ਥੋੜ੍ਹੀ ਨਾ ਸੈਕੰਡ ਵਿਚ ਕੱਟਣਗੇ । ਇਸ ਵਿੱਚ ਤੇ ਟਾਇਮ ਲਗਦਾ ਹੈ। ਮਨੁੱਖ ਸਮਝਦੇ ਹਨ ਹਾਲੇ ਟਾਈਮ ਪਿਆ ਹੈ, ਹਾਲੇ ਅਸੀਂ ਬ੍ਰਹਮਾਕੁਮਾਰੀਆਂ ਦੇ ਕੋਲ ਕਿਓਂ ਜਾਈਏ। ਲਿਟਰੇਚਰ ਤੋਂ ਉਲਟਾ ਵੀ ਉਠਾ ਲੈਂਦੇ ਹਨ। ਤਕਦੀਰ ਵਿੱਚ ਨਹੀਂ ਹੈ ਤਾਂ ਉਲਟਾ ਉਠਾ ਲੈਂਦੇ ਹਨ। ਤੁਸੀਂ ਸਮਝਦੇ ਹੋ ਇਹ ਹੈ ਪੁਰਸ਼ੋਤਮ ਬਣਨ ਦਾ ਯੁਗ। ਹੀਰੇ ਜਿਹਾ ਗਾਇਨ ਹੈ ਨਾ। ਫਿਰ ਘਟ ਹੋ ਜਾਂਦਾ ਹੈ। ਗੋਲਡਨ ਏਜ , ਸਿਲਵਰ ਏਜ, ਇਹ ਸੰਗਮਯੁੱਗ ਹੈ ਡਾਇਮੰਡ ਏਜ। ਸਤਿਯੁਗ ਹੈ ਗੋਲਡਨ ਏਜ। ਇਹ ਤੁਸੀਂ ਜਾਣਦੇ ਹੋ ਸਵਰਗ ਤੋਂ ਵੀ ਇਹ ਸੰਗਮ ਅੱਛਾ ਹੈ। ਹੀਰੇ ਵਰਗਾ ਜਨਮ ਹੈ। ਅਮਰਲੋਕ ਦਾ ਗਾਇਨ ਹੈ ਨਾ। ਫਿਰ ਘਟ ਹੁੰਦਾ ਜਾਂਦਾ ਹੈ। ਤਾਂ ਇਹ ਵੀ ਲਿਖ ਸਕਦੇ ਹੋ ਪੁਰਸ਼ੋਤਮ ਯੁੱਗ ਹੈ ਡਾਇਮੰਡ, ਸਤਿਯੁਗ ਹੈ ਗੋਲਡ, ਤ੍ਰੇਤਾ ਹੈ ਸਿਲਵਰ...। ਇਹ ਵੀ ਤੁਸੀਂ ਸਮਝਾ ਸਕਦੇ ਹੋ - ਸੰਗਮ ਤੇ ਹੀ ਅਸੀਂ ਮਨੁੱਖ ਤੋਂ ਦੇਵਤਾ ਬਣਦੇ ਹਾਂ ।8 ਰਤਨ ਬਣਾਉਂਦੇ ਹਨ ਨਾ। ਤਾਂ ਡਾਇਮੰਡ ਨੂੰ ਵਿਚਕਾਰ ਰੱਖਿਆ ਜਾਂਦਾ ਹੈ। ਸੰਗਮ ਦਾ ਸ਼ੋ ਹੁੰਦਾ ਹੈ। ਸੰਗਮ ਯੁੱਗ ਹੈ ਹੀਰੇ ਵਰਗਾ। ਹੀਰੇ ਦਾ ਮਾਨ ਸੰਗਮ ਯੁੱਗ ਤੇ ਹੈ। ਯੋਗ ਆਦਿ ਸਿਖਾਉਂਦੇ ਹਨ, ਜਿਸ ਨੂੰ ਸਪ੍ਰੀਚੁਅਲ ਯੋਗ ਕਹਿੰਦੇ ਹਨ। ਪ੍ਰੰਤੂ ਸਪ੍ਰੀਚੁਅਲ ਤਾਂ ਫਾਦਰ ਹੀ ਹਨ। ਰੂਹਾਨੀ ਫਾਦਰ ਅਤੇ ਰੂਹਾਨੀ ਨੋਲਜ ਸੰਗਮ ਤੇ ਹੀ ਮਿਲਦੀ ਹੈ। ਮਨੁੱਖ ਜਿਨ੍ਹਾਂ ਵਿਚ ਦੇ ਹੰਕਾਰ ਹੈ, ਉਹ ਇੰਨਾਂ ਜਲਦੀ ਕਿਵੇਂ ਮੰਨਣ ਗੇ। ਗਰੀਬ ਆਦਿ ਨੂੰ ਸਮਝਾਇਆ ਜਾਂਦਾ ਹੈ। ਤਾਂ ਇਹ ਵੀ ਲਿਖਣਾ ਹੈ ਸੰਗਮਯੂਗ ਇਜ ਡਾਇਮੰਡ। ਉਨ੍ਹਾਂ ਦੀ ਉਮਰ ਇਤਨੀ, ਸਤਿਯੁਗ ਗੋਲਡਨ ਏਜ ਤਾਂ ਉਸਦੀ ਉਮਰ ਇਤਨੀ। ਸ਼ਾਸਤਰਾਂ ਵਿੱਚ ਵੀ ਸਵਾਸਤਿਕਾ ਕਢਦੇ ਹਨ। ਤਾਂ ਤੁਸੀਂ ਬੱਚਿਆਂ ਨੂੰ ਵੀ ਇਹ ਯਾਦ ਰਹੇ ਤਾਂ ਕਿੰਨੀ ਖੁਸ਼ੀ ਰਹੇ! ਸਟੂਡੈਂਟਸ ਨੂੰ ਖੁਸ਼ੀ ਹੁੰਦੀ ਹੈ ਨਾ। ਸਟੂਡੈਂਟ ਲੈਫ ਇਜ ਦਾ ਬੈਸਟ ਲਾਈਫ। ਇਹ ਤਾਂ ਸਾਰਾ ਆਫ ਇਨਕਮ ਹੈ। ਇਹ ਹੈ ਮਨੁੱਖ ਤੋਂ ਦੇਵਤਾ ਬਣਨ ਦੀ ਪਾਠਸ਼ਾਲਾ। ਦੇਵਤਾ ਤੇ ਵਿਸ਼ਵ ਦੇ ਮਾਲਿਕ ਸਨ। ਇਹ ਵੀ ਤੁਹਾਨੂੰ ਪਤਾ ਹੈ। ਤਾਂ ਅਥਾਹ ਖੁਸ਼ੀ ਹੋਣੀ ਚਾਹੀਦੀ ਹੈ, ਇਸਲਈ ਗਾਇਨ ਹੈ ਅਤਿ ਇੰਦਰੀਆਂ ਸੁੱਖ ਗੋਪੀ ਵੱਲਭ ਦੇ ਗੋਪ ਗੋਪੀਆਂ ਨੂੰ ਪੁੱਛੋਂ। ਟੀਚਰ ਅੰਤ ਤੱਕ ਪੜ੍ਹਾਉਂਦੇ ਹਨ ਤਾਂ ਅੰਤ ਤੱਕ ਯਾਦ ਕਰਨਾ ਚਾਹੀਦਾ ਹੈ। ਭਗਵਾਨ ਪੜ੍ਹਾਉਂਦੇ ਹਨ ਤਾਂ ਫਿਰ ਭਗਵਾਨ ਨਾਲ ਵੀ ਲੈ ਕੇ ਜਾਣਗੇ।ਪੁਕਾਰਦੇ ਵੀ ਹਨ ਲੀਬ੍ਰੇਟਰ ਗਾਈਡ ਦੁੱਖ ਤੋਂ ਛੁਡਾਓ। ਸਤਿਯੁਗ ਵਿਚ ਦੁੱਖ ਹੁੰਦਾ ਹੀ ਨਹੀਂ। ਕਹਿੰਦੇ ਹਨ ਵਿਸ਼ਵ ਵਿੱਚ ਸ਼ਾਂਤੀ ਹੋਵੇ। ਬੋਲੋ ਪਹਿਲੇ ਕਦੋਂ ਸੀ? ਉਹ ਕਿਹੜਾ ਯੁਗ ਸੀ? ਕਿਸੇ ਨੂੰ ਪਤਾ ਨਹੀਂ ਹੈ। ਰਾਮ ਰਾਜ ਸਤਿਯੁਗ, ਰਾਵਣ ਰਾਜ ਕਲਯੁਗ ਵਿਚ। ਇਹ ਤਾ ਜਾਣਦੇ ਹੋ ਨਾ। ਬੱਚਿਆਂ ਨੂੰ ਅਨੁਭਵ ਸੁਣਾਉਣਾ ਚਾਹੀਦਾ ਹੈ। ਬਸ ਕੀ ਸੁਣਾਵਾਂ ਦਿਲ ਦੀ ਗੱਲ। ਬੇਹੱਦ ਦਾ ਬਾਪ ਬੇਹੱਦ ਦੀ ਬਾਦਸ਼ਾਹੀ ਦੇਣ ਵਾਲਾ ਮਿਲਿਆ ਹੋਰ ਕੀ ਅਨੁਭਵ ਸੁਣਾਵਾਂ। ਹੋਰ ਕੋਈ ਗੱਲ ਹੀ ਨਹੀਂ। ਇਸ ਵਰਗੀ ਖੁਸ਼ੀ ਹੋਰ ਕੋਈ ਹੁੰਦੀ ਹੀ ਨਹੀਂ। ਕਿਸੇ ਨੂੰ ਵੀ ਕਿਸੇ ਨਾਲ ਨਰਾਜ਼ ਹੋਕੇ ਘਰ ਨਹੀਂ ਬੈਠਣਾ ਚਾਹੀਦਾ। ਇਹ ਜਿਵੇਂ ਆਪਣੀ ਤਕਦੀਰ ਨਾਲ ਰੁੱਸਣਾ ਹੈ। ਪੜ੍ਹਾਈ ਨਾਲ ਰੁੱਸਿਆ ਤਾਂ ਕੀ ਸਿੱਖਣਗੇ। ਬਾਪ ਨੇ ਤਾਂ ਪੜ੍ਹਾਉਣਾ ਹੀ ਹੈ - ਬ੍ਰਹਮਾ ਦਵਾਰਾ। ਤਾਂ ਇਕ ਦੋ ਨਾਲ ਕਦੇ ਰੁਸਨਾ ਨਹੀਂ ਚਾਹੀਦਾ। ਇਹ ਹੈ ਮਾਇਆ। ਯੱਗ ਵਿਚ ਅਸੁਰਾਂ ਦੇ ਵਿਘਨ ਤਾਂ ਪੈਂਦੇ ਹੀ ਹਨ। ਅੱਛਾ।

ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਨਾਈਟ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1** ਬਾਪ ਜੋ ਸੁਣਾਉਂਦੇ ਹਨ, ਉਹ ਇਕ ਕੰਨ ਤੋਂ ਸੁਨ ਦੂਸਰੇ ਤੋਂ ਨਿਕਾਲਨਾ ਨਹੀਂ ਹੈ। ਗਿਆਨ ਦੇ ਨਸ਼ੇ ਵਿਚ ਰਹਿ ਅਤਿਇੰਦਰੀਆਂ ਸੁੱਖ ਦਾ ਅਨੁਭਵ ਕਰਨਾ ਹੈ।

**2** ਸਾਰਿਆਂ ਨੂੰ ਸੈਕੰਡ ਵਿਚ ਮੁਕਤੀ ਜੀਵਨ ਮੁਕਤੀ ਦਾ ਅਧਿਕਾਰ ਦੇਣ ਦੇ ਲਈ ਇਹ ਹੀ ਮਹਾ ਮੰਤਰ ਸੁਣਾਉਣਾ ਹੈ ਕਿ "ਦੇਹ ਸਹਿਤ

ਦੇਹ ਦੇ ਸਾਰੇ ਸੰਬੰਧਾਂ ਨੂੰ ਤਿਆਗ ਕੇ ਬਾਪ ਨੂੰ ਯਾਦ ਕਰੋ।"

ਵਰਦਾਨ:- ਕਲੀਅਰ ਬੁੱਧੀ ਦਵਾਰਾ ਹਰ ਗੱਲ ਨੂੰ ਪਰਖ ਕੇ ਠੀਕ ਨਿਰਣੇ ਕਰਨ ਵਾਲੇ ਸਫਲਤਾ ਮੂਰਤ ਭਵ।

ਜਿੰਨੀ ਬੁੱਧੀ ਕਲੀਅਰ ਹੈ ਉਤਨੀ ਪਰਖਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਜਿਆਦਾ ਗੱਲਾਂ ਸੋਚਣ ਦੀ ਬਜਾਏ ਇੱਕ ਬਾਪ ਦੀ ਯਾਦ ਵਿੱਚ ਰਹੋ, ਨਾਲ ਨਾਲ ਕਲੀਅਰ ਰਹੀ ਤਾਂ ਹਰ ਗੱਲ ਨੂੰ ਸਹਿਜ ਹੀ ਪਰਖ ਕੇ ਸ਼ੀ ਨਿਰਣੇ ਕਰ ਸਕੋਗੇ। ਜਿਸ ਵੇਲੇ ਜੀਵਣੇ ਦੀ ਪ੍ਰਸਥਿਤੀ, ਜੀਵਣੇ ਦਾ ਸੰਪਰਕ - ਸੰਬੰਧ ਵਾਲੇ ਦਾ ਮੂਡ, ਉਸ ਸਮੇਂ ਤੇ ਉਸ ਪ੍ਰਮਾਣ ਚਲਣਾ, ਉਂ ਨੂੰ ਪਰਖ ਕੇ ਨਿਰਣੇ ਲੈਣਾ ਇਹ ਵੀ ਬਹੁਤ ਵੱਡੀ ਸ਼ਕਤੀ ਹੈ ਜੋ ਸਫਲਤਾਮੂਰਤ ਬਣਾ ਦਿੰਦੀ ਹੈ।

ਸਲੋਗਨ:- ਗਿਆਨ ਸੂਰਜ ਬਾਪ ਦੇ ਨਾਲ ਲੱਕੀ ਸਿਤਾਰੇ ਉਹ ਹਨ ਜੋ ਜਗ ਤੋਂ ਹਨੇਰੇ ਨੂੰ ਮਿਟਾਉਣ ਵਾਲੇ ਹਨ, ਹਨੇਰੇ ਵਿਚ ਆਉਣ ਵਾਲੇ ਨਹੀਂ।

******